6

# "ਮਸੀਹ ਦੀ ਕਲੀਸੀਆ ਕਿਵੇਂ ਸੰਗਠਤ ਸੀ?"

**I. ਮਸੀਹ ਦੀ ਕਲੀਸੀਆ ਵਿਚ ਕੀ-ਕੀ ਅਹੁਦੇ ਸਨ?**

1. ਯਿਸੂ ਕਲੀਸੀਆ ਦਾ ______________ ਹੈ। ਅਫ਼ਸੀਆਂ 5:25
2. _________________ ਅਤੇ ___________ ਨੀਂਹ ਹਨ। ਅਫ਼ਸੀਆਂ 5:20
3. ਉਸ ਨੇ ਕਈਆਂ ਨੂੰ __________ ਅਤੇ ਕਈਆਂ ਨੂੰ ________, ਅਤੇ ਕਈਆਂ ਨੂੰ __________ ਅਤੇ ਕਈਆਂ ਨੂੰ _____________ ਅਤੇ ਨਿਯੁਕਤ ਕਰਕੇ ਦੇ ਦਿੱਤਾ। ਅਫ਼ਸੀਆਂ 4:11

**II. ਇਨ੍ਹਾਂ ਅਹੁਦਿਆਂ ਦਾ ਮਕਸਦ** __________________ __________________ __________________ ਸੀ। ਅਫ਼ਸੀਆਂ 4:12, 13

**III. ਇਨ੍ਹਾਂ ਅਹੁਦਿਆਂ ਦੀਆਂ ਕੀ ਜ਼ਿੰਮੇਵਾਰੀਆਂ ਸਨ?**

1. ਯਿਸੂ ______________ ਹੈ। ਯਾਕੂਬ 4:12; ਰਸੂਲਾਂ ਦੇ ਕੰਮ 3:23, 24
2. ਰਸੂਲਾਂ ਨੇ ਲੋਕਾਂ ਨੂੰ ਯਿਸੂ ਦੀਆਂ ਗੱਲਾਂ ਦੀ ____________ ਕਰਨੀ ਸਿਖਾਉਣੀ ਸੀ। ਮੱਤੀ 28:20
3. ਇਹ ਸਿੱਖਿਆ _______ ਅਤੇ ________ ਤੇ ਪਰਗਟ ਕੀਤੀ ਗਈ ਸੀ। ਅਫ਼ਸੀਆਂ 3:3–5
4. ਕਲੀਸੀਆ ________ ਦੀ ਸਿੱਖਿਆ ਪਾਉਣ ਵਿਚ ਲੱਗੀ ਰਹੀ। ਰਸੂਲਾਂ ਦੇ ਕੰਮ 2:42
5. ਐਲਡਰਾਂ ਦਾ ਕੰਮ ਖ਼ੁਦਾ ਦੇ ਇੱਜੜ ਨੂੰ ___________________ (ਯੂਨਾਨੀ, *poimaino*, ਪਾਸਬਾਨ, ਚਰਵਾਹੇ) ਅਤੇ ਇਸ ਦੀ ___________ ਕਰਨਾ ਹੈ। 1 ਪਤਰਸ 5:1, 2
6. ਪੌਲੁਸ ਨੇ __________ (ਰਸੂਲਾਂ ਦੇ ਕੰਮ 20:17) ਨੂੰ ਬੁਲਵਾ ਕੇ ਕਿਹਾ ਕਿ ਉਸ ਕਲੀਸੀਆ ਦੀ ______________________ ਕਰਨ ਜਿਸ ਤੇ ਉਨ੍ਹਾਂ ਨੂੰ ___________________ (*episkopos*, ਬਿਸ਼ਪ) ਠਹਿਰਾਇਆ ਗਿਆ ਸੀ। ਰਸੂਲਾਂ ਦੇ ਕੰਮ 20:28
7. ਇੰਜੀਲ ਸੁਣਾਉਣ ਵਾਲਿਆਂ (ਇਵੈਂਜਲਿਸਟਾਂ) ਦਾ ਕੰਮ ਵਚਨ ਦਾ __________ ਕਰਨਾ ਸੀ। 2 ਤਿਮੋਥਿਉਸ 4:2, 5
8. ਉਸਤਾਦਾਂ ਜਾਂ ਟੀਚਰਾਂ ਦਾ ਕੰਮ ਦੂਜਿਆਂ ਨੂੰ __________________ ਸੀ। 2 ਤਿਮੋਥਿਉਸ 2:2
9. ਕਲੀਸੀਆ ਵਿਚ __________________ (*diakonos*, ਸੇਵਾ ਕਰਨ ਵਾਲੇ) ਹੁੰਦੇ ਸਨ। 1 ਤਿਮੋਥਿਉਸ 3:8

10. ਮੰਡਲੀਆਂ ਵਿਚ ਤੀਵੀਆਂ ਨੇ ____________________ ਰਹਿਣਾ ਹੁੰਦਾ ਸੀ।
1 ਕੁਰਿੰਥੀਆਂ 14:34, 35; 1 ਤਿਮੋਥਿਉਸ 2:10–12

11. ਮੈਂਬਰਾਂ ਲਈ ਆਪਣੇ ਆਗੂਆਂ ਦੀ ਗੱਲ ________________ ਜ਼ਰੂਰੀ ਸੀ।
ਇਬਰਾਨੀਆਂ 13:17


## IV. ਹਰ ਕਲੀਸੀਆ ਵਿਚ ਕਿੰਨੇ ਬਜ਼ੁਰਗ (ਐਲਡਰਜ਼, ਬਿਸ਼ਪਜ਼, ਪਾਸਟਰਜ਼) ਹੁੰਦੇ ਸਨ?

1. ਹਰ ਕਲੀਸੀਆ ਵਿਚ _________ ਠਹਿਰਾਏ ਜਾਂਦੇ ਸਨ। ਰਸੂਲਾਂ ਦੇ ਕੰਮ 14:23; ਤੀਤੁਸ 1:5
2. ਇਨ੍ਹਾਂ ਮੰਡਲੀਆਂ ਵਿਚ _________ ਸਨ। ਰਸੂਲਾਂ ਦੇ ਕੰਮ 15:2; 20:17; ਫ਼ਿਲਿੱਪੀਆਂ 1:1

## V. ਭਲਾ ਇਨ੍ਹਾਂ ਅਹੁਦਿਆਂ ਤੇ ਸੇਵਾ ਕਰਨ ਤੋਂ ਪਹਿਲਾਂ ਖਾਸ ਯੋਗਤਾਵਾਂ ਹੋਣੀਆਂ ਜ਼ਰੂਰੀ ਸਨ?

1. ਰਸੂਲਾਂ ਲਈ ______________________ ਰਸੂਲਾਂ ਦੇ ਕੰਮ 1:21, 22
2. ਐਲਡਰਾਂ ਲਈ __________________ 1 ਤਿਮੋਥਿਉਸ 3:1–7; ਤੀਤੁਸ 1:5–9
3. ਡੀਕਨਾਂ ਲਈ ________________________ 1 ਤਿਮੋਥਿਉਸ 3:8–13
4. ਖੁਸ਼ਖਬਰੀ ਸੁਣਾਉਣ ਵਾਲਿਆਂ ਲਈ __________________ 2 ਤਿਮੋਥਿਉਸ 2:24, 25
5. ਉਸਤਾਦਾਂ ਜਾਂ ਸਿਖਾਉਣ ਵਾਲਿਆਂ ਲਈ ______________ 1 ਪਤਰਸ 4:11

Copyright 1992 - Gospel Light Pub. Co., Delight, AR 71940




''ਸੰਗਠਨ'' ਸ਼ੀਟ ਦੇ ਪਿਛਲੇ ਪਾਸੇ ਲਈ ਡਰਾਇੰਗ

6

# ‘‘ਮਸੀਹ ਦੀ ਕਲੀਸੀਆ ਕਿਵੇਂ ਸੰਗਠਤ ਸੀ ?’’

ਤਰਕਸੰਗਤ ਢੰਗ ਨਾਲ ‘‘ਮਸੀਹ ਦੀ ਕਲੀਸੀਆ ਕਿਵੇਂ ਸੰਗਠਿਤ ਸੀ?’’ ਅਧਿਐਨ ਸ਼ੀਟ ਨੂੰ ‘‘ਕਲੀਸੀਆ’’ ਅਧਿਐਨ ਸ਼ੀਟ (ਪਾਠ 5) ਦੇ ਬਾਅਦ ਪੇਸ਼ ਕੀਤਾ ਜਾ ਸਕਦਾ ਹੈ। ਜੇ ਸਿੱਖਣ ਵਾਲਾ ਇੰਜੀਲ ਦੀ ਗੱਲ ਮੰਨਣ ਲਈ ਤਿਆਰ ਹੈ, ਤਾਂ ‘‘ਸੰਗਠਨ’’ ਅਧਿਐਨ ਸ਼ੀਟ ਦਾ ਅਧਿਐਨ ਕਰਨ ਤੋਂ ਪਹਿਲਾਂ ‘‘ਭਵਿੱਖ’’ ਅਧਿਐਨ ਸ਼ੀਟ (ਪਾਠ 8) ਦਾ ਅਧਿਐਨ ਕਰਨ ਦਾ ਫੈਸਲਾ ਲਿਆ ਜਾ ਸਕਦਾ ਹੈ।

**ਮਕਸਦ**

‘‘ਸੰਗਠਤ’’ ਅਧਿਐਨ ਸ਼ੀਟ ਦਾ ਉਦੇਸ਼ ਕਲੀਸੀਆ ਦਾ ਸੰਗਠਤ ਰੂਪ ਵਿਚ ਅਧਿਐਨ ਕਰਨਾ ਹੈ ਕਿ ਯਿਸੂ ਅਤੇ ਰਸੂਲਾਂ ਨੇ ਇਸ ਨੂੰ ਕਿਵੇਂ ਸੰਗਠਤ ਕੀਤਾ ਸੀ ਤਾਂ ਕਿ ਅਸੀਂ ਸਮਝ ਸਕੀਏ ਕਿ ਯਿਸੂ ਦੇ ਪਿੱਛੇ ਚੱਲਣ ਵਾਲਿਆਂ ਨੂੰ ਕਿਵੇਂ ਸੰਗਠਤ ਹੋਣਾ ਚਾਹੀਦਾ ਹੈ।

**ਸੰਖੇਪ ਵਿਚ ਪਾਠ**

ਇਹ ਅਧਿਐਨ ਸ਼ੀਟ ਵਿਖਾਉਂਦੀ ਹੈ ਕਿ ਕਲੀਸੀਆ ਦਾ ਸਿਰ ਅਰਥਾਤ ਯਿਸੂ ਹੀ ਕਲੀਸੀਆ ਦਾ ਇਕੱਲਾ ਨਿਅਮ ਬਣਾਉਣ ਵਾਲਾ ਹੈ। ਯਿਸੂ ਦੇ ਖਾਸ ਨੁਮਾਇੰਦਿਆਂ ਦੇ ਰੂਪ ਵਿਚ, ਰਸੂਲਾਂ ਨੂੰ ਯਿਸੂ ਦੇ ਨਿਅਮ ਦੂਜਿਆਂ ਨੂੰ ਦੇਣ ਦਾ ਕੰਮ ਮਿਲਿਆ ਸੀ ਤਾਂ ਕਿ ਉਨ੍ਹਾਂ ਨੂੰ ਵੀ ਯਿਸੂ ਦੇ ਵਚਨ ਦਾ ਪਤਾ ਲੱਗ ਸਕੇ। ਐਲਡਰਾਂ ਦਾ ਕੰਮ ਇਸ ਵਚਨ ਦੀ ਪਾਲਨਾ ਕਰਨ ਲਈ ਮੰਡਲੀਆਂ ਦੀ ਅਗਵਾਈ ਕਰਨਾ ਸੀ। ਡੀਕਨਾਂ ਅਤੇ ਇਵੈਂਜਲਿਸਟਾਂ ਦਾ ਕੰਮ ਐਲਡਰਾਂ ਦੀ ਮਦਦ ਕਰਨਾ ਅਤੇ ਮੰਡਲੀ ਦਾ ਕੰਮ ਯਿਸੂ ਦੀ ਮਰਜ਼ੀ ਪੂਰੀ ਕਰਨ ਲਈ ਅਗਵਾਈ ਦੀ ਗੱਲ ਮੰਨਣਾ ਸੀ।

**ਜਾਣ-ਪਛਾਣ**

[ਇਸ ਤੱਥ ਤੇ ਸੰਖੇਪ ਵਿਚ ਗੱਲ ਕਰਕੇ ਕਿ ਪ੍ਰਭਾਵਸ਼ਾਲੀ ਅਤੇ ਫਲਦਾਇਕ ਹੋਣ ਲਈ ਸੰਗਠਨ ਦਾ ਹੋਣਾ ਜ਼ਰੂਰੀ ਹੈ, ਇਸ ਪਾਠ ਵਿਚ ਜਾਣ–ਪਛਾਣ ਕਰਾਈ ਜਾ ਸਕਦੀ ਹੈ। ਯਿਸੂ ਨੇ ਆਪਣੀ ਕਲੀਸੀਆ ਲਈ ਸੰਗਠਨ ਦਾ ਪ੍ਰਬੰਧ ਕੀਤਾ ਸੀ। ਯਿਸੂ ਦੇ ਪਿੱਛੇ ਚੱਲਣ ਵਾਲਿਆਂ ਜਾਂ ਚੇਲਿਆਂ ਦੇ ਤੌਰ ਤੇ ਸਾਨੂੰ ਸੰਗਠਨ ਦੀ ਉਸ ਦੀ ਯੋਜਨਾ ਮੁਤਾਬਿਕ ਚੱਲਣ ਦੀ ਭਾਲ ਵਿਚ

ਰਹਿਣਾ ਚਾਹੀਦਾ ਹੈ।]

ਅੱਜ ਕਲੀਸੀਆਵਾਂ ਵੱਖ–ਵੱਖ ਤਰ੍ਹਾਂ ਨਾਲ ਸੰਗਠਤ ਹੁੰਦੀਆਂ ਹਨ। ਆਮ ਤੌਰ ਤੇ ਇਨ੍ਹਾਂ ਕਲੀਸੀਆਵਾਂ ਦਾ ਇਕ ਮਜਬੂਤ ਕੇਂਦਰੀ ਪ੍ਰਬੰਧ ਹੁੰਦਾ ਹੈ ਜੋ ਧਰਮ ਸਬੰਧੀ ਨਿਅਮ ਬਣਾਉਂਦਾ ਹੈ ਅਤੇ ਕੁਝ ਮਾਮਲਿਆਂ ਵਿਚ ਸਥਾਨਕ ਮੰਡਲੀਆਂ ਨੂੰ ਹੁਕਮ ਦਿੰਦਾ ਅਤੇ ਉਨ੍ਹਾਂ ਦੇ ਕੁਝ ਅੰਦਰੂਨੀ ਮਸਲਿਆਂ ਤੇ ਕੰਟਰੋਲ ਰੱਖਦਾ ਹੈ। ਕੀ ਯਿਸੂ ਨੇ ਆਪਣੀ ਕਲੀਸੀਆ ਲਈ ਅਜਿਹੀ ਹੀ ਯੋਜਨਾ ਬਣਾਈ ਸੀ?

## I. ਅਹੁਦੇ

ਇਸ ਪਾਠ ਵਿਚ ਅਹੁਦਿਆਂ ਦੀ ਗੱਲ ਕਰਨ ਲਗਿਆ, ਤਾਂ ਅਸੀਂ ਅਖ਼ਤਿਆਰ ਦੀ ਓਨੀ ਗੱਲ ਨਹੀਂ ਕਰਦੇ ਜਿੰਨੀ ਜ਼ਿੰਮੇਵਾਰੀਆਂ ਦੀ ਕਰਦੇ ਹਾਂ। ਕਈ ਮਾਮਲਿਆਂ ਵਿਚ ਅਖ਼ਤਿਆਰ ਅਹੁਦੇ ਦੇ ਕਾਰਣ ਹੀ ਮਿਲ ਜਾਂਦਾ ਹੈ, ਪਰ ਹਰ ਮਾਮਲੇ ਵਿਚ ਨਹੀਂ, ਜਦਕਿ ਹਰ ਅਹਦੇ ਵਿਚ ਜ਼ਿੰਮੇਵਾਰੀਆਂ ਹੁੰਦੀਆਂ ਹਨ।

1. ''ਕਲੀਸੀਆ'' ਅਧਿਐਨ ਸ਼ੀਟ (ਪਾਠ 5) ਦੇ ਅਧਿਐਨ ਤੋਂ ਸਾਨੂੰ ਪਤਾ ਲੱਗਦਾ ਸੀ ਕਿ ਕਲੀਸੀਆ ਮਸੀਹ ਦੇ ਅਧੀਨ ਹੈ। ਯਿਸੂ ਦਾ ਕਲੀਸੀਆ ਨਾਲ ਕੀ ਸਬੰਧ ਹੈ? [ਅਫ਼ਸੀਆਂ 5:23 ਪੜ੍ਹੋ] ਉਹ ਕਲੀਸੀਆ ਦਾ *ਕੀ* ਹੈ? [ਖਾਲੀ ਥਾਂ ਵਿਚ ''ਸਿਰ'' ਭਰੋ।]

2. ਕਿਸੇ ਵੀ ਇਮਾਰਤ ਨੂੰ ਬਣਾਉਣ ਤੋਂ ਪਹਿਲਾਂ, ਉਸ ਦੀ ਨੀਂਹ ਬਣਾਈ ਜਾਂਦੀ ਹੈ। ਨੀਂਹ ਉਸ ਇਮਾਰਤ ਦੇ ਹੇਠਾਂ ਰਹਿੰਦੀ ਹੈ ਅਤੇ ਪੂਰੀ ਇਮਾਰਤ ਉਸ ਨੀਂਹ ਤੇ ਹੀ ਟਿਕੀ ਹੁੰਦੀ ਹੈ। ਕਲੀਸੀਆ ਦੀ ਨੀਂਹ ਵਿਚ ਕੌਣ ਲੋਕ ਹਨ? [ਅਫ਼ਸੀਆਂ 2:20 ਪੜ੍ਹੋ] ਇਸ ਰੂਪਕ ਵਿਚ ਯਿਸੂ ਨੂੰ ਨੀਂਹ ਦੇ ਖੂੰਜੇ ਦੇ ਪੱਥਰ ਦੇ ਰੂਪ ਵਿਚ ਦਿਖਾਇਆ ਗਿਆ ਹੈ। ਖੂੰਜੇ ਦਾ ਪੱਥਰ ਰੱਖਣ ਦੇ ਬਾਅਦ, ਪੂਰੀ ਇਮਾਰਤ ਖੂੰਜੇ ਦੇ ਪੱਥਰ ਨਾਲ ਹੀ ਜੁੜ ਕੇ ਬਣਦੀ ਹੈ। ਨੀਂਹ ਕੌਣ ਲੋਕ ਹਨ? [ਖਾਲੀ ਥਾਂ ਵਿਚ ''ਰਸੂਲ'' ਅਤੇ ''ਨਬੀ'' ਭਰੋ।] ਇਸ ਆਇਤ ਵਿਚ ਜਿਨ੍ਹਾਂ ਨਬੀਆਂ ਦੀ ਗੱਲ ਕੀਤੀ ਗਈ ਹੈ, ਉਹ ਪੁਰਾਣੇ ਨੇਮ ਦੇ ਨਹੀਂ ਬਲਕਿ ਨਵੇਂ ਨੇਮ ਦੇ ਨਬੀ ਹਨ।

ਇਹ ਉਸ ਦੇ ਨਾਲ ਕੋਈ ਟਕਰਾਅ ਨਹੀਂ ਹੈ ਜੋ ਅਸੀਂ ''ਕਲੀਸੀਆ'' ਅਧਿਐਨ ਸ਼ੀਟ (ਪਾਠ 5) ਵਿਚ ਸਿੱਖਿਆ ਸੀ। ਉਸ ਪਾਠ ਵਿਚ ਅਸੀਂ ਸਿੱਖਿਆ ਸੀ ਕਿ ਯਿਸੂ ਹੀ ਇੱਕੋ ਨੀਂਹ ਹੈ (1 ਕੁਰਿੰਥੀਆਂ 3:11)। ਉਸ ਰੂਪਕ ਵਿਚ ਰਸੂਲ ਨੀਂਹ ਰੱਖਣ ਵਾਲੇ ਹਨ ਅਤੇ ਉਨ੍ਹਾਂ ਤੇ ਸਾਰੀ ਇਮਾਰਤ ਬਣਦੀ ਹੈ। ਇਸ ਰੂਪਕ ਵਿਚ ਯਿਸੂ ਨੀਂਹ ਵਿਚ ਮੁੱਖ ਚੱਟਾਨ ਅਰਥਾਤ ਖੂੰਜੇ ਦਾ ਪੱਥਰ ਹੈ, ਕਲੀਸੀਆ ਵਿਚ ਰਸੂਲਾਂ ਸਮੇਤ ਸਭ ਕੁਝ, ਯਿਸੂ ਨੂੰ ਵੇਖ ਕੇ ਹੀ ਚੱਲਦਾ ਹੈ, ਜਿਸ ਤੇ ਕਲੀਸੀਆ ਬਣਾਈ ਜਾਣੀ ਚਾਹੀਦੀ ਹੈ ਕਿਉਂਕਿ ਉਹ ਸੁਰਗ ਵਿਚ ਉਸਦੇ ਵਾਪਸ ਜਾਣ ਦੇ ਬਾਅਦ ਤੋਂ ਹੀ ਉਸ ਦੇ ਨੁਮਾਇੰਦਿਆਂ ਦੇ ਰੂਪ ਵਿਚ ਯਿਸੂ ਦੀ ਥਾਂ ਖੜੇ ਹਨ। ਕਲੀਸੀਆ ਵਿਚ ਉਨ੍ਹਾਂ ਦੀ ਭੂਮਿਕਾ ਤੇ ਅਸੀਂ ਅੱਗੇ ਵਿਚ ਚਰਚਾ ਕਰਾਂਗੇ।

3. ਪੌਲੁਸ ਨੇ ਅਫ਼ਸੁਸ ਵਿਚ ਕਲੀਸੀਆ ਦੇ ਨਾਂਅ ਪੱਤਰ ਲਿਖਦੇ ਹੋਏ ਕਿਨ੍ਹਾਂ ਅਹੁਦਿਆਂ ਬਾਰੇ ਲਿਖਿਆ? [ਅਫ਼ਸੀਆਂ 4:11 ਪੜ੍ਹੋ।] ਉਹ ਅਹੁਦੇ ਕਿਹੜੇ ਹਨ? (ਖਾਲੀ ਥਾਂ ਵਿਚ ''ਰਸੂਲ,'' ''ਨਬੀ,'' ''ਪ੍ਰਚਾਰਕ,'' ''ਪਾਸਬਾਨ,'' ਅਤੇ ''ਉਸਤਾਦ'' ਭਰੋ।) ਅਗਲੇ ਭਾਗ ਵਚ ਅਸੀਂ ਇਨ੍ਹਾਂ ਸਭ ਅਹੁਦਿਆਂ ਦੀਆਂ ਜ਼ਿੰਮੇਵਾਰੀਆਂ ਬਾਰੇ ਵਿਸਥਾਰ ਨਾਲ ਅਧਿਐਨ ਕਰਾਂਗੇ।

ਇਸ ਭਾਗ ਤੋਂ ਅਸੀਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਕਲੀਸੀਆ ਵਿਚ ਵੱਖ-ਵੱਖ ਅਹੁਦੇ ਸਨ ਜੋ ਕਲੀਸੀਆ ਦੇ ਸਿਰ ਭਾਵ ਯਿਸੂ ਦੇ ਅਖ਼ਤਿਆਰ ਵਿਚ ਕੰਮ ਕਰਦੇ ਸਨ।

**II. ਇਨ੍ਹਾਂ ਅਹੁਦਿਆਂ ਦਾ ਮਕਸਦ**

ਕਲੀਸੀਆ ਵਿਚ ਇਹ ਅਹੁਦੇ ਸੇਵਾ ਕਰਨ ਵਾਲਿਆਂ ਦਾ ਸਤਿਕਾਰ ਵਧਾਉਣ ਲਈ ਰੱਖੇ ਗਏ ਸਨ। ਇਨ੍ਹਾਂ ਅਹੁਦਿਆਂ ਤੇ ਸੇਵਾ ਕਰਨ ਵਾਲਿਆਂ ਨੇ ਕੀ ਕਰਨਾ ਸੀ? [ਅਫ਼ਸੀਆਂ 4:12, 13 ਪੜ੍ਹੋ।] ਇਨ੍ਹਾਂ ਅਹੁਦਿਆਂ ਦੀ ਸਥਾਪਨਾ ਕਿਉਂ ਕੀਤੀ ਗਈ ਸੀ? [ਖਾਲੀ ਥਾਵਾਂ ਤੇ ''ਸੰਤ ਲੋਕਾਂ ਦੀ ਸਿੱਧਤਾ,'' ''ਸੇਵਕਾਈ ਦਾ ਕੰਮ,'' ''ਮਸੀਹ ਦੀ ਦੇਹੀ ਦੀ ਉਸਾਰੀ'' ਭਰੋ।] ਧਿਆਨ ਦਿਓ ਕਿ ਇਹ ਸੇਵਕਾਈ ਜ਼ਿੰਮੇਵਾਰੀਆਂ ਹਨ। ਇਨ੍ਹਾਂ ਅਹੁਦਿਆਂ ਤੇ ਕੰਮ ਕਰਨ ਵਾਲਿਆਂ ਦੀ ਜ਼ਿੰਮੇਵਾਰੀ ਕਲੀਸੀਆ ਦੇ ਮੈਂਬਰਾਂ ਨੂੰ ਮਜ਼ਬੂਤ ਕਰਨਾ, ਆਪਣਾ ਨਮੂਨਾ ਦੇ ਕੇ ਵਿਸ਼ਵਾਸ ਵਧਾਉਣਾ ਭਾਵ ਆਪਣੇ ਆਦਰਸ਼ ਯਿਸੂ ਦੇ ਡੀਲ ਤਕ ਪਹੁੰਚਣ ਵਿਚ ਮਦਦ ਕਰਨਾ ਸੀ।

ਇਸ ਭਾਗ ਵਿਚ ਅਸੀਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਕਲੀਸੀਆ ਵਿਚ ਵੱਖ-ਵੱਖ ਸੇਵਕਾਈਆਂ ਕਰਨ ਵਾਲਿਆਂ ਦਾ ਕੰਮ ਕਲੀਸੀਆ ਦੀ ਉਸਾਰੀ ਅਤੇ ਮਜ਼ਬੂਤੀ ਸੀ।

**III. ਜ਼ਿੰਮੇਵਾਰੀਆਂ**

ਕਲੀਸੀਆ ਵਿਚ ਵੱਖੋ-ਵੱਖ ਅਹੁਦਿਆਂ ਤੇ ਰਹਿੰਦਿਆਂ ਹੋਏ ਸੇਵਾ ਕਰਨ ਵਾਲਿਆਂ ਦਾ ਕੰਮ ਇਹ ਵਿਖਾਉਣਾ ਸੀ ਕਿ ਕਲੀਸੀਆ ਦੇ ਵਿਕਾਸ ਅਤੇ ਸੇਵਕਾਈ ਲਈ ਕੀ-ਕੀ ਮਦਦਗਾਰ ਹੈ।

1. ਹਰ ਸੰਗਠਨ ਵਿਚ ਦਿਸ਼ਾ ਨਿਰਦੇਸ਼ ਹੋਣੇ ਜ਼ਰੂਰੀ ਹਨ। ਕਲੀਸੀਆ ਲਈ ਨਿਅਮ ਅਤੇ ਨਿਰਦੇਸ਼ ਕਿਸ ਨੇ ਬਣਾਏ ਹਨ? [ਯਾਕੂਬ 4:12 ਅਤੇ ਰਸੂਲਾਂ ਦੇ ਕੰਮ 3:23, 24 ਪੜ੍ਹੋ।] ਕਲੀਸੀਆ ਦੇ ਸਿਰ ਦੇ ਰੂਪ ਵਿਚ ਆਪਣੇ ਅਹੁਦੇ ਤੇ, ਯਿਸੂ ਕੀ ਹੈ? [ਖਾਲੀ ਥਾਂ ਵਿਚ ''ਸ਼ਰ੍ਹਾ ਦਾ ਦੇਣ ਵਾਲਾ'' ਭਰੋ।] ਕਲੀਸੀਆ ਵਿਚ ਨਿਅਮ ਦੇਣ ਵਾਲੇ ਕਿੰਨੇ ਲੋਕ ਹਨ? ਕਲੀਸੀਆ ਵਿਚ ਨਿਅਮ ਦੇਣ ਵਾਲਾ ਸਿਰਫ਼ ਇੱਕੋ ਹੈ। ਉਹ ਉਨ੍ਹਾਂ ਸਭਨਾਂ ਨੂੰ ਜਿਹੜੇ ਉਸ ਦੇ ਨਿਅਮਾਂ ਨੂੰ ਨਹੀਂ ਮੰਨਦੇ, ਨਾਸ ਕਰ ਦੇਵੇਗਾ।

[*ਪਿਛਲੇ ਪਾਸੇ* ਕਾਗਜ਼ ਤੇ ਸਭ ਤੋਂ ਉੱਪਰ ਇਕ ਖਾਨਾ ਬਣਾਓ ਅਤੇ ਉਸ ਵਿਚ ''ਯਿਸੂ'' ਲਿਖੋ। ਵੇਖੋ ਸਫ਼ਾ 169।]

2. ਰਸੂਲਾਂ ਨੂੰ ਨਿਅਮ ਬਣਾਉਣ ਦਾ ਕੋਈ ਅਖ਼ਤਿਆਰ ਨਹੀਂ ਸੀ। ਉਨ੍ਹਾਂ ਦੀ ਜ਼ਿੰਮੇਵਾਰੀ ਕੀ ਸੀ? [ਮੱਤੀ 28:20 ਪੜ੍ਹੋ।] ਉਨ੍ਹਾਂ ਨੇ ਕਲੀਸੀਆ ਨੂੰ *ਕੀ* ਸਿਖਾਉਣਾ ਸੀ? [ਖਾਲੀ ਥਾਂ ਵਿਚ ''ਪਾਲਨਾ'' ਭਰੋ।] ਉਨ੍ਹਾਂ ਨੂੰ ਲੋਕਾਂ ਤੇ ਨਿਅਮ ਲਾਗੂ ਕਰਨ ਦਾ ਕੋਈ ਅਖ਼ਤਿਆਰ ਨਹੀਂ ਸੀ। ਉਨ੍ਹਾਂ ਦੀ ਜ਼ਿੰਮੇਵਾਰੀ ਲੋਕਾਂ ਨੂੰ ਓਹ ਸਭ ਗੱਲਾਂ ਸਿਖਾਉਣੀਆਂ ਸਨ ਜਿਨ੍ਹਾਂ ਦਾ ਯਿਸੂ ਨੇ ਉਨ੍ਹਾਂ ਨੂੰ ਸਿਖਾਉਣ ਦਾ ਹੁਕਮ ਦਿੱਤਾ ਸੀ।

3. ਪਿਤਾ ਕੋਲ ਉਤਾਂਹ ਉਠਾਏ ਜਾਣ ਦੇ ਬਾਅਦ ਯਿਸੂ ਨੇ ਆਪਣੀ ਸਿੱਖਿਆ ਪਰਗਟ ਕਰਨ ਲਈ ਵੱਖ-ਵੱਖ ਲੋਕਾਂ ਦੀ ਸੇਵਾ ਲਈ। ਉਸ ਨੇ ਆਪਣੀ ਸਿੱਖਿਆ ਕਿਨ੍ਹਾਂ ਤੇ ਪਰਗਟ ਕੀਤੀ? [ਅਫ਼ਸੀਆਂ 3:3-5 ਪੜ੍ਹੋ।] ਉਸ ਨੇ ਇਸ ਨੂੰ *ਕਿਨ੍ਹਾਂ ਤੇ* ਪਰਗਟ ਕੀਤਾ [ਖਾਲੀ ਥਾਵਾਂ ਵਿਚ ''ਰਸੂਲ'' ਅਤੇ ''ਨਬੀਆਂ'' ਭਰ ਲਓ।]

4. ਪਵਿੱਤਰ ਆਤਮਾ ਦੇ ਰਾਹੀਂ ਯਿਸੂ ਨੇ ਰਸੂਲਾਂ ਤੇ ਸਾਰੀ ਸਚਿਆਈ ਪਰਗਟ ਕੀਤੀ

ਸੀ। ਜਦ ਉਹ ਗੱਲਾਂ ਕਰਦੇ ਸਨ, ਤਾਂ ਓਹ ਯਿਸੂ ਦੀਆਂ ਗੱਲਾਂ ਹੀ ਲੋਕਾਂ ਤਕ ਪਹੁੰਚਾ ਰਹੇ ਸਨ ਜੋ ਉਨ੍ਹਾਂ ਨੇ ਉਸ ਤੋਂ ਸੁਣੀਆਂ ਸਨ (ਯੂਹੰਨਾ 16:13–15)। ਜੇ ਅਸੀਂ ਉਹੀ ਮੰਨਦੇ ਹਾਂ ਜੋ ਰਸੂਲਾਂ ਨੇ ਸਿਖਾਇਆ ਸੀ ਤਾਂ ਅਸੀਂ ਯਿਸੂ ਦੀ ਹੀ ਗੱਲ ਮੰਨ ਰਹੇ ਹੁੰਦੇ ਹਾਂ। ਕਲੀਸੀਆ ਕਿਸ ਦੀ ਸਿੱਖਿਆ ਵਿਚ ਬਣੀ ਰਹਿੰਦੀ ਸੀ? *[ਰਸੂਲ 2:42 ਪੜ੍ਹੋ।]* ਉਹ *ਕਿਸ ਦੀ* ਸਿੱਖਿਆ ਵਿਚ ਲੱਗੇ ਰਹੇ? *[ਖਾਲੀ ਥਾਂ ਵਿਚ ''ਰਸੂਲਾਂ'' ਭਰੋ।]* ਰਸੂਲਾਂ ਨੂੰ ਉਨ੍ਹਾਂ ਦੀ ਸਿੱਖਿਆ ਯਿਸੂ ਤੋਂ ਮਿਲੀ ਸੀ, ਜਿਸ ਲਈ, ਇਸ ਦਾ ਅਰਥ ਇਹ ਹੈ ਕਿ ਰਸੂਲਾਂ ਦੀ ਸਿੱਖਿਆ ਵਿਚ ਬਣੇ ਰਹਿ ਕੇ ਉਹ ਯਿਸੂ ਦੀ ਸਿੱਖਿਆ ਵਿਚ ਬਣੇ ਹੋਏ ਸਨ।

*[ਪਿਛਲੇ ਪਾਸੇ* ''ਯਿਸੂ'' ਦੇ ਹੇਠਾਂ ਇਕ ਖਾਨਾ ਬਣਾਓ ਅਤੇ ਉਸ ਵਿਚ ''ਰਸੂਲ ਅਤੇ ਨਬੀ'' ਲਿਖ ਲਓ। ਫਿਰ ''ਰਸੂਲ ਅਤੇ ਨਬੀ'' ਦੇ ਹੇਠਾਂ ਕੁਝ ਹੋਰ ਖਾਨੇ ਬਣਾਓ। ਵੇਖੋ ਸਫ਼ਾ 169।*]* ਕਲੀਸੀਆਵਾਂ ਰਸੂਲਾਂ ਅਤੇ ਨਬੀਆਂ ਨੂੰ ਜਵਾਬਦੇਹ ਸਨ ਕਿਉਂਕਿ ਯਿਸੂ ਨੇ ਉਨ੍ਹਾਂ ਦੇ ਰਾਹੀਂ ਹੀ ਆਪਣੀ ਸਿੱਖਿਆ ਦਿੱਤੀ ਸੀ।

5. ਸਥਾਨਕ ਮੰਡਲੀਆਂ ਦੇ ਆਗੂਆਂ ਕੋਲ ਕਲੀਸੀਆ ਲਈ ਨਿਅਮ ਬਣਾਉਣ ਦਾ ਕੋਈ ਅਖ਼ਤਿਆਰ ਨਹੀਂ ਸੀ, ਉਨ੍ਹਾਂ ਦੀ ਜ਼ਿੰਮੇਵਾਰੀ ਯਿਸੂ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਲਈ ਮੰਡਲੀਆਂ ਦੀ ਅਗਵਾਈ ਕਰਨਾ ਸੀ। ਇਨ੍ਹਾਂ ਆਗੂਆਂ ਨੂੰ ਐਲਡਰ ਕਿਹਾ ਜਾਂਦਾ ਸੀ, ਜਿਨ੍ਹਾਂ ਨੇ ਕੀ ਕਰਨਾ ਹੁੰਦਾ ਸੀ? *[1 ਪਤਰਸ 5:1, 2 ਪੜ੍ਹੋ।]* ਉਨ੍ਹਾਂ ਨੇ ਇੰਜੜ ਨੂੰ *ਕੀ* ਕਰਨਾ ਹੁੰਦਾ ਸੀ? *[ਖਾਲੀ ਥਾਂ ਵਿਚ ''ਚਾਰਨਾ'' ਭਰੋ।]* ''ਚਾਰਨਾ'' ਯੂਨਾਨੀ ਸ਼ਬਦ *poimaino* ਤੋਂ ਅਨੁਵਾਦ ਕੀਤਾ ਗਿਆ ਹੈ। ਉਸ ਦਾ ਅਰਥ ''ਪਾਸਬਾਨ'' ਜਾਂ ''ਚਰਵਾਹਾ'' ਹੋ ਸਕਦਾ ਹੈ। ਐਲਡਰਾਂ ਦਾ ਕੰਮ ਇੱਜੜ ਦੀ ਚਰਵਾਹੀ ਕਰਨਾ ਸੀ। ਐਲਡਰਾਂ ਦਾ ਹੋਰ ਕੀ ਕੰਮ ਹੁੰਦਾ ਸੀ? (ਖਾਲੀ ਥਾਂ ਵਿਚ ''ਰਖਵਾਲੀ'' ਭਰੋ।)

6. ਪੌਲੁਸ ਨੇ ਅਫ਼ਸੁਸ ਦੀ ਕਲੀਸੀਆ ਦੇ ਆਗੂਆਂ ਨੂੰ ਹਦਾਇਤ ਦਿੱਤੀ। ਉਨ੍ਹਾਂ ਨੂੰ ਕੀ ਕਿਹਾ ਗਿਆ ਹੈ? *[ਰਸੂਲਾਂ ਦੇ ਕੰਮ 20:17 ਪੜ੍ਹੋ।]* ਕਲੀਸੀਆ ਦੇ ਆਗੂਆਂ ਲਈ ਕਿਹੜਾ ਸ਼ਬਦ ਵਰਤਿਆ ਗਿਆ ਹੈ? *[ਖਾਲੀ ਥਾਂ ਵਿਚ ''ਬਜ਼ੁਰਗਾਂ ਜਾਂ ਐਲਡਰਾਂ'' ਭਰੋ।]* ਉਨ੍ਹਾਂ ਨੂੰ *ਕੀ* ਕਰਨ ਲਈ ਕਿਹਾ ਗਿਆ ਸੀ? *[ਰਸੂਲਾਂ ਦੇ ਕੰਮ 20:28 ਪੜ੍ਹੋ।]* ਉਨ੍ਹਾਂ ਨੂੰ ਕਿਹੜੇ ਦੋ ਕੰਮ ਕਰਨ ਲਈ ਕਿਹਾ ਗਿਆ ਸੀ? *[ਖਾਲੀ ਥਾਂ ਵਿਚ ''ਖਬਰਦਾਰੀ'' ਅਤੇ ''ਨਿਗਾਹਬਾਨੀ'' ਭਰੋ।]*

ਮੰਡਲੀਆਂ ਦੇ ਆਗੂਆਂ ਲਈ ਵਰਤੇ ਗਏ ਤਿੰਨ ਸ਼ਬਦ ਅਹੁਦੇ ਹੀ ਨਹੀਂ ਸਨ ਬਲਕਿ ਆਗੂਆਂ ਨੂੰ ਦਿੱਤੇ ਗਏ ਅਹੁਦਿਆਂ ਵਿਚ ਉਨ੍ਹਾਂ ਦੇ ਕੰਮਾਂ ਦਾ ਵਰਨਣ ਸੀ। ''ਐਲਡਰ ਜਾਂ ਬਜ਼ੁਰਗਾਂ'' ਸ਼ਬਦ ਤੋਂ ਭਾਵ ਹੈ ਕਿ ਉਨ੍ਹਾਂ ਨੂੰ ਬੰਦਿਆਂ ਵਿੱਚੋਂ ਚੁਣਿਆ ਜਾਂਦਾ ਸੀ ਜੋ ਪੱਕੇ ਵਿਸ਼ਵਾਸੀ ਹੁੰਦੇ ਸਨ, ਨਾ ਕਿ ਨਵੇਂ ਬਣੇ ਮਸੀਹੀਆਂ ਵਿੱਚੋਂ। ਸਮਾਜ ਦੇ ਆਗੂਆਂ ਨੂੰ ਆਮ ਤੌਰ ਤੇ ''ਬਜ਼ੁਰਗ'' ਕਿਹਾ ਜਾਂਦਾ ਸੀ। ''ਖਬਰਦਾਰੀ'' (ਯੂਨਾਨੀ ਸ਼ਬਦ *poimaino* ਤੋਂ ਲਿਆ ਗਿਆ) ਅਜਿਹਾ ਸ਼ਬਦ ਹੈ ਜਿਸ ਦਾ ਅਰਥ ਭੇਡਾਂ ਦੇ ਇੱਜੜ ਨੂੰ ਚਰਾਉਣ ਵਾਲੇ ਜਾਂ ਉਸ ਦੀ ਦੇਖਭਾਲ ਕਰਨ ਵਾਲੇ ਦੇ ਅਰਥ ਵਿਚ ''ਚਰਵਾਹਾ'' ਜਾਂ ''ਆਜੜੀ'' (ਪਾਸਬਾਨ) ਕੀਤਾ ਜਾਂਦਾ ਹੈ। ''ਨਿਗਾਹਬਾਨ'' (''ਬਿਸ਼ਪ'') ਦਾ (ਯੂਨਾਨੀ ਸ਼ਬਦ *episkopos* ਤੋਂ ਲਿਆ ਗਿਆ) ਅਰਥ ਵੀ ਮੰਡਲੀ ਦੇ ਕੰਮਾਂ ਵਿਚ ਹਦਾਇਤ ਦੇਣਾ ਹੈ। ਇਹ ਵੱਖ–ਵੱਖ ਅਹੁਦੇ ਨਹੀਂ, ਬਲਕਿ ਇੱਕੋ ਅਹੁਦੇ ਦਾ ਵਰਣਨ ਕਰਨ ਵਾਲੇ ਤਿੰਨ ਵੱਖ–ਵੱਖ ਸ਼ਬਦ ਹਨ। *[ਪਿਛਲੇ ਪਾਸੇ*

''ਰਸੂਲ ਅਤੇ ਨਬੀ'' ਦੇ ਹੇਠਾਂ ਹਰ ਖਾਲੀ ਖਾਨੇ ਵਿਚ ਸਭ ਤੋਂ ਉੱਤੇ ''ਐਲਡਰ'' ਲਿਖੋ। ਵੇਖੋ ਸਫ਼ਾ 169।]

ਇਹ ਉਹ ਲੋਕ ਸਨ ਜੋ ਉਹ ਮੰਡਲੀ ਦੇ ਪਾਸਬਾਨ ਭਾਵ ਨਿਗਾਹਬਾਨ ਹੁੰਦੇ ਸਨ ਜਿਨ੍ਹਾਂ ਦੇ ਓਹ ਆਪ ਮੈਂਬਰ ਹੁੰਦੇ ਸਨ। ਉਸ ਦਾ ਕੋਈ ਦੁਨਿਆਵੀ ਦਫ਼ਤਰ ਨਹੀਂ ਸੀ, ਬਲਕਿ ਉਹ ਰਸੂਲਾਂ ਅਤੇ ਨਬੀਆਂ ਦੇ ਅਧੀਨ ਸਨ ਜੋ ਮਸੀਹ ਦੇ ਅਧੀਨ ਸਨ। ਮੰਡਲੀ ਲਈ ਨਿਅਮ ਬਣਾਉਣ ਦਾ ਉਨ੍ਹਾਂ ਨੂੰ ਕੋਈ ਅਖ਼ਤਿਆਰ ਨਹੀਂ ਸੀ। ਉਨ੍ਹਾਂ ਦਾ ਕੰਮ ਅਗਵਾਈ ਕਰਨਾ ਸੀ, ਕਾਨੂੰਨ ਬਣਾਉਣਾ ਨਹੀਂ।

ਉਹ ''ਇੱਕੋ ਪ੍ਰਚਾਰਕ'' ਜਾਂ ''ਇੱਕੋ ਪਾਸਟਰ'' ਨਹੀਂ ਹੁੰਦੇ ਸਨ। ਮੰਡਲੀ ਦੀ ਅਗਵਾਈ ਦਾ ਕੰਮ ਐਲਡਰਾਂ ਦੇ ਹੱਥ ਵਿਚ ਹੁੰਦਾ ਸੀ ਜਿਨ੍ਹਾਂ ਨੂੰ ਬਿਸ਼ਪ (ਨਿਗਾਹਬਾਨ) ਅਤੇ ਪਾਸਬਾਨ (ਪਾਸਟਰ ਜਾਂ ਚਰਵਾਹੇ) ਵੀ ਕਿਹਾ ਜਾਂਦਾ ਸੀ।

7. ਐਲਡਰਾਂ ਦੀ ਅਗਵਾਈ ਵਿਚ ਸੇਵਾ ਕਰਨ ਵਾਲੇ ਭਾਵ ਯਿਸੂ ਦੀ ਸਿੱਖਿਆ ਨੂੰ ਫੈਲਾਉਣ ਵਿਚ ਮਦਦ ਕਰਨ ਵਾਲਿਆਂ ਨੂੰ ਇੰਜੀਲ ਦੇ ਪ੍ਰਚਾਰਕ ਜਾਂ ਇਵੈਂਜਲਿਸਟ ਕਿਹਾ ਜਾਂਦਾ ਸੀ। ਪੌਲੁਸ ਨੇ ਉਨ੍ਹਾਂ ਨੂੰ ਕੀ ਹਦਾਇਤ ਦਿੱਤੀ? [2 ਤਿਮੋਥਿਉਸ 4:2, 5 ਪੜ੍ਹੋ।] ਇੰਜੀਲ ਦੇ ਪ੍ਰਚਾਰਕ ਦਾ *ਕੀ* ਕੰਮ ਸੀ? [ਖਾਲੀ ਥਾਂ ਵਿਚ ''ਪਾਸਬਾਨੀ ਕਰਨਾ'' ਭਰੋ। *ਪਿਛਲੇ ਪਾਸੇ* ਖਾਨੇ ਵਿਚ ''ਇੰਜੀਲ ਦੇ ਪ੍ਰਚਾਰ ਜਾਂ ਇਵੈਂਜਲਿਸਟ'' ਲਿਖੋ। ਵੇਖੋ ਸਫ਼ਾ 169।] ਇੰਜੀਲ ਦੇ ਪ੍ਰਚਾਰਕਾਂ ਦਾ ਕੰਮ ਵਚਨ ਦਾ ਪ੍ਰਚਾਰ ਕਰਨਾ ਹੁੰਦਾ ਸੀ। ਮਸੀਹੀ ਲੋਕਾਂ ਕੋਲ ਸੁਣਾਏ ਜਾਣ ਲਈ ਇੱਕੋ ਵਚਨ ਭਾਵ ਸੰਦੇਸ਼ ਹੁੰਦਾ ਸੀ, ਅਤੇ ਉਹੀ ਸੰਦੇਸ਼ ਯਿਸੂ ਨੇ ਰਸੂਲਾਂ ਅਤੇ ਨਬੀਆਂ ਦੇ ਰਾਹੀਂ ਦਿੱਤਾ ਸੀ। ਉਨ੍ਹਾਂ ਨੂੰ ਕਲੀਸੀਆ ਲਈ ਨਿਅਮ ਜਾਂ ਕਾਨੂੰਨ ਬਣਾਉਣ ਦਾ ਕੋਈ ਅਖ਼ਤਿਆਰ ਨਹੀਂ ਸੀ। ਜਿਹੜਾ ਸੰਦੇਸ਼ ਉਨ੍ਹਾਂ ਨੇ ਲੋਕਾਂ ਨੂੰ ਸੁਣਾਉਣਾ ਹੁੰਦਾ ਸੀ ਉਹ ਉਹੀ ਸੀ ਜਿਹੜਾ ਯਿਸੂ ਨੇ ਸ਼ੁਰੂ ਵਿਚ ਦਿੱਤਾ ਸੀ।

8. ਭਲਾ ਉਸਤਾਦ ਭਾਵ ਸਿਖਾਉਣ ਵਾਲੇ ਵੀ ਐਲਡਰਾਂ ਦੀ ਅਗਵਾਈ ਵਿਚ ਕੰਮ ਕਰਦੇ ਸਨ? ਉਨ੍ਹਾਂ ਦਾ ਕੰਮ ਕੀ ਕਰਨਾ ਹੁੰਦਾ ਸੀ? [2 ਤਿਮੋਥਿਉਸ 2:2 ਪੜ੍ਹੋ।] ਸਿਖਾਉਣ ਵਾਲੇ ਦੀ ਜ਼ਿੰਮੇਵਾਰੀ ਕੀ ਹੈ? [ਖਾਲੀ ਥਾਂ ਵਿਚ ''ਸਿਖਾਉਣਾ'' ਭਰੋ। ਪਿਛਲੇ ਪਾਸੇ ਖਾਨੇ ਵਿਚ ''ਉਸਤਾਦ'' ਲਿਖੋ। ਵੇਖੋ ਸਫ਼ਾ 169।] ਉਨ੍ਹਾਂ ਦਾ ਕੰਮ ਉਹ ਗੱਲਾਂ ਸਿਖਾਉਣਾ ਸੀ ਜੋ ਉਨ੍ਹਾਂ ਨੇ ਰਸੂਲਾਂ ਤੋਂ, ਖਾਸ ਕਰਕੇ ਪੌਲੁਸ ਰਸੂਲ ਤੋਂ ਸਿੱਖੀਆਂ ਸਨ। ਪੌਲੁਸ ਨੇ ਪਵਿੱਤਰ ਆਤਮਾ ਦੇ ਰਾਹੀਂ ਪ੍ਰਭੂ ਯਿਸੂ ਤੋਂ ਸੰਦੇਸ਼ ਲਿਆ ਸੀ (ਅਫ਼ਸੀਆਂ 3:3–5)। ਸਿਖਾਉਣ ਵਾਲੇ ਦੂਜਿਆਂ ਤੇ ਲਾਗੂ ਕਰਨ ਲਈ ਨਿਅਮ ਨਹੀਂ ਬਣਾਉਂਦੇ ਸਨ ਬਲਕਿ ਉਹ ਉਹੀ ਸੰਦੇਸ਼ ਦਿੰਦੇ ਸਨ ਜੋ ਯਿਸੂ ਤੋਂ ਰਸੂਲਾਂ ਅਤੇ ਨਬੀਆਂ ਨੂੰ ਮਿਲਿਆ ਸੀ।

9. ਕਲੀਸੀਆ ਵਿਚ ਹੋਰ ਲੋਕ ਵੀ ਸਨ ਜਿਨ੍ਹਾਂ ਤੇ ਅਗਵਾਈ ਕਰਨ ਦੀ ਕੋਈ ਜ਼ਿੰਮੇਵਾਰੀ ਨਹੀਂ ਸੀ। ਓਹ ਲੋਕ ਕੌਣ ਸਨ? [1 ਤਿਮੋਥਿਉਸ 3:8 ਪੜ੍ਹੋ।] ਉਨ੍ਹਾਂ ਨੂੰ *ਕੀ* ਕਿਹਾ ਜਾਂਦਾ ਸੀ? [ਖਾਲੀ ਥਾਂ ਵਿਚ ''ਸੇਵਕ'' ਭਰੋ। *ਪਿਛਲੇ ਪਾਸੇ* ਖਾਨਿਆਂ ਵਿਚ ''ਸੇਵਕ ਜਾਂ ਡੀਕਨ'' ਲਿਖੋ। ਵੇਖੋ ਸਫ਼ਾ 169।] ਯੂਨਾਨੀ ਸ਼ਬਦ *diakonos* ਜਿਸ ਦਾ ਅਨੁਵਾਦ ਸੇਵਕ ਹੋਇਆ ਹੈ, ਦਾ ਬਦਲ ਅੰਗ੍ਰੇਜ਼ੀ ਦਾ ''ਡੀਕਨ'' ਸ਼ਬਦ ਹੈ। ਇਸ ਸ਼ਬਦ ਦਾ ਅਰਥ ਸੇਵਾ ਕਰਨਾ ਹੀ ਹੈ। ਇਨ੍ਹਾਂ ਮਨੁੱਖਾਂ ਨੂੰ ਚਰਵਾਹੀ ਕਰਨ ਲਈ ਨਿਯੁਕਤ ਨਹੀਂ ਕੀਤਾ ਜਾਂਦਾ ਸੀ, ਪਰ ਇਹ ਓਹ ਜ਼ਿੰਮੇਵਾਰ ਲੋਕ ਹੁੰਦੇ ਸਨ ਜਿਨ੍ਹਾਂ ਤੇ ਐਲਡਰਾਂ ਨੂੰ ਭਰੋਸਾ ਹੁੰਦਾ ਸੀ ਕਿ ਉਨ੍ਹਾਂ ਨੂੰ ਮੰਡਲੀ ਦੀ

ਕੋਈ ਅਹਿਮ ਸੇਵਾ ਕਰਨ ਲਈ ਦਿੱਤੀ ਜਾਵੇ, ਤਾਂ ਉਹ ਉਸ ਨੂੰ ਪੂਰਾ ਕਰਨਗੇ।

10. ਮੰਡਲੀਆਂ ਵਿਚ ਔਰਤਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਸੀ। ਉਹ ਕਲੀਸੀਆ ਵਿਚ ਕੁਝ ਮਹਾਨ ਆਤਮੀਆਂ ਨਾਲ ਸੇਵਾ ਕਰਦੀਆ ਸਨ (ਫ਼ਿਲਿੱਪੀਆਂ 4:3)। ਔਰਤਾਂ ਤੇ ਕੁਝ ਪਾਬੰਦੀਆਂ ਵੀ ਸਨ। ਔਰਤਾਂ ਦੀ ਭੂਮਿਕਾ ਬਾਰੇ ਪੌਲੁਸ ਨੇ ਕੀ ਲਿਖਿਆ? [1 ਕੁਰਿੰਥੀਆਂ 14:34, 35; 1 ਤਿਮੋਥਿਉਸ 2:10–12 ਪੜ੍ਹੋ।] ਔਰਤਾਂ ਤੇ ਕੀ ਪਾਬੰਦੀਆਂ ਸਨ? [ਖਾਲੀ ਥਾਂ ਵਿਚ ''ਚੁੱਪ ਰਹਿਣ'' ਭਰੋ।]

ਹਰ ਮਸੀਹੀ ਤੇ ਕੁਝ ਪਾਬੰਦੀਆਂ ਰਹਿੰਦੀਆਂ ਹਨ, ਅਤੇ ਸਭ ਲੋਕ ਇੱਕੋ ਕਿਸਮ ਦੀ ਸੇਵਾ ਨਹੀਂ ਕਰ ਸਕਦੇ (1 ਕੁਰਿੰਥੀਆਂ 12:28, 29)। ਠਹਿਰਾਏ ਹੋਏ ਆਗੂਆਂ ਦੇ ਰੂਪ ਵਿਚ ਸਿਰਫ਼ ਕੁਝ ਆਦਮੀ ਹੀ ਸੇਵਾ ਕਰ ਸਕਦੇ ਸਨ, ਅਤੇ ਸਭ ਨੂੰ ਇਵੈਂਜਲਿਸਟ (ਇੰਜੀਲ ਸੁਣਾਉਣ ਵਾਲੇ), ਡੀਕਨ ਜਾਂ ਉਸਤਾਦ (ਸਿਖਾਉਣ ਵਾਲੇ) ਨਹੀਂ ਠਹਿਰਾਇਆ ਗਿਆ ਸੀ। ਔਰਤਾਂ ਵੀ ਆਦਮੀਆਂ ਵਾਂਗ ਹੀ ਪੂਰੀ ਯੋਗਤਾ ਨਾਲ ਸੇਵਾ ਕਰ ਸਕਦੀਆਂ ਹਨ ਸਿਰਫ਼ ਦੋ ਪਾਬੰਦੀਆਂ ਨਾਲ: ਉਨ੍ਹਾਂ ਨੂੰ ਮੰਡਲੀਆਂ ਵਿਚ ਅਗਵਾਈ ਕਰਨ ਜਾਂ ਮੰਡਲੀਆਂ ਵਿਚ ਆਗੂ ਬਣਨ ਦੀ ਮਨਾਹੀ ਹੈ। ਘਰਾਂ ਵਿਚ ਬੱਚਿਆਂ ਦੇ ਨੇੜੇ ਹੋਣ ਕਰਕੇ ਔਰਤਾਂ ਆਦਮੀਆਂ ਵਾਂਗ ਹੀ ਕਲੀਸੀਆ ਤੇ ਬੱਚਿਆਂ ਦੇ ਰਾਹੀਂ ਪ੍ਰਭਾਵ ਪਾ ਸਕਦੀਆਂ ਸਨ। ਬੱਚੇ ਪੈਦਾ ਕਰਕੇ ਅਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਕੇ (1 ਤਿਮੋਥਿਉਸ 2:15) ਉਹ ਵਡਿਆਈ ਪਾ ਸਕਦੀਆਂ ਹਨ ਅਤੇ ਔਰਤ ਦੇ ਰੂਪ ਵਿਚ ਆਪਣੀ ਭੂਮਿਕਾ ਨਿਭਾ ਕੇ ਬਚਾਈਆਂ ਜਾ ਸਕਦੀਆਂ ਹਨ, ਜੋ ਭੂਮਿਕਾ ਆਦਮੀਆਂ ਨੂੰ ਨਹੀਂ ਮਿਲੀ ਹੈ।

11. ਮੈਂਬਰਾਂ ਦੀ ਅਗਵਾਈ ਉਨ੍ਹਾਂ ਲੋਕਾਂ ਨੇ ਕਰਨੀ ਹੁੰਦੀ ਸੀ ਜਿਨ੍ਹਾਂ ਨੂੰ ਰਸੂਲਾਂ ਅਤੇ ਨਬੀਆਂ ਵੱਲੋਂ ਨਿਰਦੇਸ਼ ਮਿਲਦੇ ਸਨ। ਉਨ੍ਹਾਂ ਨੇ ਮੰਡਲੀ ਦੇ ਆਗੂਆਂ ਦੀ ਗੱਲ ਕਿਵੇਂ ਮੰਨਣੀ ਹੁੰਦੀ ਸੀ? [ਇਬਰਾਨੀਆਂ 13:17 ਪੜ੍ਹੋ।] ਉਨ੍ਹਾਂ ਆਪਣੇ ਆਗੂਆਂ ਦੀ ਗੱਲ *ਕਿਵੇਂ* ਮੰਨਣੀ ਹੁੰਦੀ ਸੀ? [ਖਾਲੀ ਥਾਂ ਵਿਚ ''ਮੰਨਣੀ'' ਭਰੋ। *ਪਿਛਲੇ ਪਾਸੇ* ਖਾਨੇ ਵਿਚ ''ਮੈਂਬਰ'' ਲਿਖੋ। ਵੇਖੋ ਸਫ਼ਾ 169।] ਆਗੂਆਂ ਦਾ ਕੰਮ ਮੈਂਬਰਾਂ ਦੀ ਯਿਸੂ ਵੱਲੋਂ ਸਿਖਾਈ ਗਈ ਜ਼ਿੰਦਗੀ ਅਤੇ ਬੰਦਗੀ ਵਿਚ ਅਗਵਾਈ ਕਰਨਾ ਹੁੰਦਾ ਸੀ। ਰੂਹਾਨੀ ਅਗਵਾਈ ਲਈ ਮੰਡਲੀ ਲਈ ਆਪਣੇ ਆਗੂਆਂ ਦੀ ਗੱਲ ਮੰਨਣਾ ਜ਼ਰੂਰੀ ਹੁੰਦਾ ਸੀ।

ਅਸੀਂ ਇਸ ਭਾਗ ਵਿੱਚੋਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਜਦ ਕਲੀਸੀਆ ਸਹੀ ਢੰਗ ਨਾਲ ਸੰਗਠਿਤ ਹੁੰਦੀ ਹੈ ਤਾਂ ਯਿਸੂ ਪੂਰੀ ਕਲੀਸੀਆ ਦਾ ਸਿਰ ਹੁੰਦਾ ਹੈ। ਯਿਸੂ ਨੇ ਰਸੂਲਾਂ ਅਤੇ ਨਵੇਂ ਨੇਮ ਦੇ ਨਬੀਆਂ ਦੇ ਰਾਹੀਂ ਕਲੀਸੀਆ ਲਈ ਜ਼ਰੂਰੀ ਹਦਾਇਤਾਂ ਦੇ ਦਿੱਤੀਆਂ ਹਨ। ਕਲੀਸੀਆ ਵਿਚ ਯਿਸੂ, ਰਸੂਲਾਂ ਅਤੇ ਨਬੀਆਂ ਦੀ ਥਾਂ ਪੱਕੀ ਹੈ, ਜਿਨ੍ਹਾਂ ਦਾ ਕੋਈ ਵਾਰਸ ਨਹੀਂ ਹੈ ਭਾਵ ਕੋਈ ਉਨ੍ਹਾਂ ਦੀ ਥਾਂ ਨਹੀਂ ਲੈ ਸਕਦਾ। ਕਲੀਸੀਆ ਵਿਚ ਅਸਲ ਰਸੂਲ ਅਤੇ ਨਬੀ ਸਿਰਫ਼ ਉਹੋ ਸਨ ਜਿਨ੍ਹਾਂ ਨੇ ਯਿਸੂ ਦੇ ਸੁਰਗ ਵਿਚ ਉਠਾਏ ਜਾਣ ਤੋਂ ਥੋੜ੍ਹੀ ਦੇਰ ਬਾਅਦ ਸੇਵਾ ਕੀਤੀ ਸੀ ਅਤੇ ਜਿਨ੍ਹਾਂ ਦੇ ਰਾਹੀਂ ਨਵਾਂ ਨੇਮ ਦਿੱਤਾ ਗਿਆ ਸੀ। ਯਿਸੂ ਦੀ ਮਰਜ਼ੀ ਨੂੰ ਜੋ ਇੱਕੋ ਵਾਰ ਹਮੇਸ਼ਾ ਲਈ ਦੱਸ ਦਿੱਤੀ ਗਈ ਸੀ, ਸਿੱਖਣ ਲਈ ਕਲੀਸੀਆ ਨੂੰ ਉਨ੍ਹਾਂ ਦੀ ਗੱਲ ਮੰਨਣੀ ਚਾਹੀਦੀ ਹੈ (ਯਹੂਦਾ 3)। ਮਸੀਹ ਦੀ ਕਲੀਸੀਆ ਲੋਕਾਂ ਦੀ ਉਹ ਜਮਾਤ ਹੈ ਜੋ ਉਹ ਕੰਮ ਕਰਨ ਦਾ ਚਾਹਵਾਨ ਹਨ ਜਿਹੜਾ ਯਿਸੂ ਨੇ ਆਪ ਸੰਗਠਿਤ ਰੂਪ ਵਿਚ ਕਰਨ ਲਈ ਦਿੱਤਾ ਹੈ।

**IV. ਆਗੂਆਂ ਦੀ ਗਿਣਤੀ**

1. ਇਸ ਪਾਠ ਵਿਚ ਪਹਿਲਾਂ ਅਸੀਂ ਸਿੱਖਿਆ ਹੈ ਕਿ ਮੰਡਲੀਆਂ ਵਿਚ ਅਗਵਾਈ ਕਰਨ ਦਾ ਕੰਮ ਐਲਡਰਾਂ ਦਾ ਹੈ। ਭਲਾ ਹਰ ਮਡਲੀ ਵਿਚ ਇਕ ਐਲਡਰ (ਪਾਸਟਰ/ਪਾਸਬਾਨ ਜਾਂ ਬਿਸ਼ਪ) ਹੁੰਦਾ ਹੈ ਜਾਂ ਕਈ ਐਲਡਰ? [ਰਸੂਲਾਂ ਦੇ ਕੰਮ 14:23; ਤੀਤੁਸ 1:5 ਪੜ੍ਹੋ।] ਭਲਾ ਹਰ ਮੰਡਲੀ ਲਈ ਇੱਕੋ ਐਲਡਰ ਹੁੰਦਾ ਸੀ ਜਾਂ ਇਕ ਤੋਂ ਵੱਧ ਚੁਣੇ ਜਾਂਦੇ ਸਨ? [ਖਾਲੀ ਥਾਂ ਵਿਚ ''ਐਲਡਰਜ਼'' ਭਰੋ।] ਇਹ ਤੱਥ ਕਿ ਬਹੁਤੇ ਐਲਡਰ (ਬਹੁਵਚਨ ਵਿਚ) ਚੁਣੇ ਜਾਂਦੇ ਸਨ, ਇਹ ਅਰਥ ਦਿੰਦਾ ਹੈ ਕਿ ਹਰ ਮੰਡਲੀ ਵਿਚ ਇਕ ਤੋਂ ਵੱਧ ਐਲਡਰ ਹੁੰਦੇ ਸਨ।

2. ਰਸੂਲਾਂ ਦੇ ਕੰਮ ਕਿਤਾਬ ਵਿਚ ਕਲੀਸੀਆ ਦੇ ਸੰਗਠਿਤ ਹੋਣ ਦੇ ਬਾਅਦ ਦਾ ਵਰਣਨ ਹੈ। ਭਲਾ ਉਨ੍ਹਾਂ ਮੰਡਲੀਆਂ ਵਿਚ ਇੱਕੋ ਐਲਡਰ ਹੋਣ ਦੀ ਗੱਲ ਮਿਲਦੀ ਹੈ? [ਰਸੂਲਾਂ ਦੇ ਕੰਮ 15:2; 20:17; ਫ਼ਿਲਿੱਪੀਆਂ 1:1 ਪੜ੍ਹੋ।] ਭਲਾ ਮੰਡਲੀਆਂ ਵਿਚ ਇੱਕੋ ਐਲਡਰ ਹੁੰਦਾ ਸੀ ਜਾਂ ਇਕ ਤੋਂ ਵੱਧ? [ਖਾਲੀ ਥਾਂ ਵਿਚ ''ਐਲਡਰਜ਼'' ਭਰੋ।]

ਇਸ ਭਾਗ ਵਿਚ ਅਸੀਂ ਕੀ ਸਿੱਖਿਆ ਹੈ? ਅਸੀਂ ਸਿੱਖਿਆ ਹੈ ਕਿ ਪ੍ਰਭੂ ਦੀਆਂ ਮੰਡਲੀਆਂ ਵਿਚ ਇੱਕੋ ਬੰਦੇ ਦੀ ਹਕੂਮਤ ਦੀ ਰਵਾਇਤ ਨਹੀਂ ਸੀ। ਮੰਡਲੀਆਂ ਦੇ ਕੰਮ ਇੱਕੋ ਆਦਮੀ ਦੀ ਦੇਖਰੇਖ ਵਿਚ ਨਹੀਂ ਹੁੰਦੇ ਸਨ। ਹਰ ਮੰਡਲੀ ਵਿਚ ਦੋ ਜਾਂ ਇਸ ਤੋਂ ਵੱਧ ਆਗੂ ਠਹਿਰਾਏ ਜਾਂਦੇ ਸਨ, ਜੋ ਕਿ ਇਸ ਤੱਥ ਤੋਂ ਸਪੱਸ਼ਟ ਹੈ ਕਿ ਮੰਡਲੀ ਦਾ ''ਐਲਡਰ'' (ਇੱਕੋ ਐਲਡਰ) ਹੋਣ ਦਾ ਕਿਤੇ ਜ਼ਿਕਰ ਨਹੀਂ ਹੈ ਇਸ ਦੇ ਉਲਟ ਹਰ ਥਾਂ ਮੰਡਲੀ ਦੇ ''ਐਲਡਰਾਂ'' (ਬਜ਼ੁਰਗਾਂ) ਦਾ ਹੀ ਹਵਾਲਾ ਮਿਲਦਾ ਹੈ।

**V. ਯੋਗਤਾਵਾਂ**

ਭਲਾ ਕਲੀਸੀਆ ਵਿਚ ਕੋਈ ਵੀ ਵੱਖ-ਵੱਖ ਅਹੁਦਿਆਂ ਵਿਚ ਆ ਕੇ ਸੇਵਾ ਕਰ ਸਕਦਾ ਸੀ ਜਾਂ ਉਸ ਲਈ ਕੁਝ ਯੋਗਤਾਵਾਂ ਹੋਣੀਆਂ ਜ਼ਰੂਰੀ ਸਨ? [1 ਤੋਂ 5 ਨੰਬਰ ਵਿਚ ਦਿੱਤੀਆਂ ਗਈਆਂ ਆਇਤਾਂ ਪੜ੍ਹੋ: ਰਸੂਲਾਂ ਦੇ ਕੰਮ 1:21, 22; 1 ਤਿਮੋਥਿਉਸ 3:1-7; ਤੀਤੁਸ 1:5-9; 1 ਤਿਮੋਥਿਉਸ 3:8-13; 2 ਤਿਮੋਥਿਉਸ 2:24, 25; 1 ਪਤਰਸ 4:11.] ਹਰ ਵਾਰ ਆਇਤਾਂ ਦੀ ਸਮੀਖਿਆ ਕਰੋ। ਭਲਾ ਵੱਖ-ਵੱਖ ਅਹੁਦਿਆਂ ਵਿੱਚੋਂ ਕਿਸੇ ਤੇ ਵੀ ਸੇਵਾ ਕਰਨ ਤੋਂ ਪਹਿਲਾਂ ਬੰਦਿਸ਼ਾਂ ਅਤੇ ਯੋਗਤਾਵਾਂ ਮੰਨੀਆਂ ਜਾਣੀਆਂ ਜ਼ਰੂਰੀ ਸਨ। [*ਹਰ* ਖਾਲੀ ਥਾਂ ਵਿਚ ''ਹਾਂ'' ਭਰੋ।] [ਇਸ ਭਾਗ ਦਾ ਮਕਸਦ ਹਰ ਅਹੁਦੇ ਵਿਚ ਦਿੱਤੀਆਂ ਗਈਆਂ ਯੋਗਤਾਵਾਂ ਤੇ ਵਿਸਤਾਰ ਨਾਲ ਚਰਚਾ ਕਰਨਾ ਨਹੀਂ ਹੈ। ਇਹ ਚਰਚਾ ਫਿਰ ਕਦੇ ਹੋ ਸਕਦੀ ਹੈ। ਇਸ ਦਾ ਮਕਸਦ ਸਿੱਖਣ ਵਾਲੇ ਦੀ ਇਹ ਸਮਝਣ ਵਿਚ ਮਦਦ ਕਰਨਾ ਹੈ ਕਿ ਇਨ੍ਹਾਂ ਜ਼ਿੰਮੇਵਾਰੀਆਂ ਤੇ ਐਵੇਂ ਹੀ ਕਿਸੇ ਵੀ ਮਸੀਹੀ ਨੂੰ ਨਹੀਂ ਲਾਇਆ ਜਾ ਸਕਦਾ।]

ਇਸ ਭਾਗ ਵਿਚ ਅਸੀਂ ਸਿੱਖਿਆ ਹੈ ਕਿ ਮੰਡਲੀਆਂ ਵਿਚ ਜਿਨ੍ਹਾਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਦਿੱਤੀਆਂ ਜਾਂਦੀਆਂ ਸਨ, ਉਹ ਜ਼ਿੰਮੇਵਾਰੀਆਂ ਦਿੱਤੇ ਜਾਣ ਤੋਂ ਪਹਿਲਾਂ ਉਨ੍ਹਾਂ ਨੂੰ ਪੂਰਾ ਕਰਨ ਦੇ ਯੋਗ ਹੋਣੇ ਜ਼ਰੂਰੀ ਸਨ।

## ਸਾਰ

ਇਕ ਗੱਲ ਜੋ ਇਸ ਪਾਠ ਵਿਚ ਸਾਨੂੰ ਸਮਝ ਆਉਣੀ ਜ਼ਰੂਰੀ ਹੈ ਉਹ ਇਹ ਤੱਥ ਹੈ ਕਿ

ਕਲੀਸੀਆ ਵਿਚ ਅਖ਼ਤਿਆਰ *ਇਕੱਲੇ* ਯਿਸੂ ਕੋਲ ਹੈ। ਉਹ ਕਲੀਸੀਆ ਦਾ ਸਿਰ ਹੈ, ਜਿਸ ਨੇ ਕਲੀਸੀਆ ਦੇ ਕੰਮ ਕਰਨ ਨਾਲ ਸਬੰਧਿਤ ਹਦਾਇਤਾਂ ਦਿੱਤੀਆਂ ਹਨ ਅਤੇ ਇਸ ਨੂੰ ਸੰਗਠਿਤ ਕੀਤਾ ਹੈ।

I. *ਮਸੀਹ ਦੀ ਕਲੀਸੀਆ ਵਿਚ ਕੀ–ਕੀ ਅਹੁਦੇ ਸਨ?* ਯਿਸੂ ਸਿਰ ਹੈ। ਉਸ ਦੇ ਅਧੀਨ ਰਸੂਲ, ਨਬੀ, ਇਵੈਂਜਲਿਸਟ, ਪਾਸਬਾਨ (ਚਰਵਾਹੇ) ਅਤੇ ਸਿਖਾਉਣ ਵਾਲੇ (ਉਸਤਾਦ) ਹਨ।

II. *ਇਨ੍ਹਾਂ ਅਹੁਦਿਆਂ ਦਾ ਮਕਸਦ ਕੀ ਸੀ?* ਇਨ੍ਹਾਂ ਅਹੁਦਿਆਂ ਦਾ ਮੁੱਖ ਮਕਸਦ ਕਲੀਸੀਆ ਨੂੰ ਮਜ਼ਬੂਤ ਬਣਾਉਣਾ ਸੀ ਤਾਂ ਜੋ ਯਿਸੂ ਦੀ ਸੇਵਾ ਵੱਧ ਤੋਂ ਵੱਧ ਕੀਤੀ ਜਾ ਸਕੇ।

III. *ਇਨ੍ਹਾਂ ਅਹੁਦਿਆਂ ਦੀਆਂ ਕੀ ਜ਼ਿੰਮੇਵਾਰੀਆਂ ਸਨ?* ਨਿਅਮ ਬਣਾਉਣਾ ਸਿਰਫ਼ ਯਿਸੂ ਮਸੀਹ ਦੇ ਹੱਥ ਵਿਚ ਹੈ। ਉਸ ਨੇ ਰਸੂਲਾਂ ਅਤੇ ਨਬੀਆਂ ਦੇ ਰਾਹੀਂ ਕਲੀਸੀਆ ਨੂੰ ਮੰਨਣ ਲਈ ਹਦਾਇਤਾਂ ਦਿੱਤੀਆਂ ਹਨ। ਹਰ ਮੰਡਲੀ ਨੂੰ ਚਾਹੀਦਾ ਹੈ ਕਿ ਉਨ੍ਹਾਂ ਨਿਅਮਾਂ ਦੀ ਪਾਲਨਾ ਕਰੇ।

ਸਥਾਨਕ ਮੰਡਲੀਆਂ ਦੀ ਅਗਵਾਈ ਬਜ਼ੁਰਗਾਂ (ਐਲਡਰਾਂ) ਦੇ ਰਾਹੀਂ ਹੋਣੀ ਚਾਹੀਦੀ ਹੈ ਜੋ ਇਵੈਂਜਲਿਸਟਾਂ, ਸਿਖਾਉਣ ਵਾਲਿਆਂ, ਸੇਵਕਾਂ (ਡੀਕਨਾਂ), ਔਰਤਾਂ ਅਤੇ ਹੋਰ ਮੈਂਬਰਾਂ ਦੀ ਯਿਸੂ ਦੀ ਸੇਵਾ ਕਰਨ ਵਿਚ ਅਗਵਾਈ ਕਰਦੇ ਹਨ। ਐਲਡਰ ਮੰਡਲੀ ਦੇ ਕੰਮਾਂ ਵਿਚ ਸਹਿਯੋਗ ਦੇਣ ਅਤੇ ਮੈਂਬਰਾਂ ਦੀ ਰੂਹਾਨੀ ਭਲਾਈ ਲਈ ਕੰਮ ਕਰਦੇ ਹਨ (ਇਬਰਾਨੀਆਂ 13:17)।

ਹਰ ਮੈਂਬਰ ਦੀ ਉਸ ਮੰਡਲੀ ਵਿਚ ਜਿਸ ਦਾ ਉਹ ਮੈਂਬਰ ਹੈ, ਖਾਸ ਭੂਮਿਕਾ ਹੈ। ਹਰ ਮੈਂਬਰ ਸਾਰੇ ਕੰਮ ਨਹੀਂ ਕਰ ਸਕਦਾ।

IV. *ਹਰ ਕਲੀਸੀਆ ਵਿਚ ਕਿੰਨੇ ਨਿਗਾਹਬਾਨ (ਐਲਡਰ, ਬਿਸ਼ਪ ਜਾਂ ਪਾਸਟਰ) ਹੁੰਦੇ ਸਨ?* ਹਰ ਮੰਡਲੀ ਦੀ ਅਗਵਾਈ ਇਕ ਤੋਂ ਵੱਧ ਆਗੂ ਕਰਦੇ ਸਨ। ਹਰ ਮੰਡਲੀ ਵਿਚ ਆਪਣੇ ਐਲਡਰ, ਆਪਣੇ ਚਰਵਾਹੇ ਭਾਵ ਬਿਸ਼ਪ ਅਤੇ ਪਾਸਬਾਨ ਹੁੰਦੇ ਸਨ ਅਤੇ ਉਸ ਦੀ ਅਗਵਾਈ ਕਿਸੇ ਕੇਂਦਰੀ ਮੁੱਖ ਦਫ਼ਤਰ ਵੱਲੋਂ ਨਹੀਂ ਹੁੰਦੀ ਸੀ।

V. *ਭਲਾ ਇਨ੍ਹਾਂ ਅਹੁਦਿਆਂ ਤੇ ਸੇਵਾ ਕਰਨ ਤੋਂ ਪਹਿਲਾਂ ਕੁਝ ਖਾਸ ਖੂਬੀਆਂ ਦਾ ਹੋਣੀਆਂ ਜ਼ਰੂਰੀ ਸਨ?* ਜਿਨ੍ਹਾਂ ਲੋਕਾਂ ਨੂੰ ਮੰਡਲੀ ਦੀਆਂ ਜ਼ਿੰਮੇਵਾਰੀਆਂ ਦਿੱਤੀਆਂ ਜਾਂਦੀਆਂ ਸਨ ਉਨ੍ਹਾਂ ਲਈ ਸੇਵਾ ਕਰਨ ਤੋਂ ਪਹਿਲਾਂ ਇਸ ਦੇ ਯੋਗ ਹੋਣਾ ਜ਼ਰੂਰੀ ਸੀ।

ਲਿਖਤ ਸਾਫ਼ ਦੱਸਦੀ ਹੈ ਕਿ ਇਕੱਲੇ ਯਿਸੂ ਨੂੰ ਹੀ ਕਲੀਸੀਆ ਤੇ ਅਖ਼ਤਿਆਰ ਦਿੱਤਾ ਗਿਆ ਸੀ। ਕਿਸੇ ਹੋਰ ਕੋਲ ਇਹ ਅਖ਼ਤਿਆਰ ਨਹੀਂ ਹੈ। ਯਿਸੂ ਦੇ ਪਿੱਛੇ ਚੱਲਣ ਵਾਲਿਆਂ ਲਈ ''ਉਨ੍ਹਾਂ ਸਭ ਗੱਲਾਂ ਨੂੰ ਮੰਨਣਾ'' ਜ਼ਰੂਰੀ ਹੈ ਜਿਨ੍ਹਾਂ ਦਾ ਯਿਸੂ ਨੇ ਹੁਕਮ ਦਿੱਤਾ ਹੈ (ਮੱਤੀ 28:20) ਨਾ ਕਿ ਮਨੁੱਖਾਂ ਦੀਆਂ ਸਿੱਖਿਆਵਾਂ ਅਤੇ ਹੁਕਮਾਂ ਨੂੰ।

ਅਗਲੇ ਪਾਠ ਵਿਚ, ਅਸੀਂ ਇਹ ਅਧਿਐਨ ਕਰਾਂਗੇ ਕਿ ਯਿਸੂ ਬੰਦਗੀ ਵਿਚ ਕੀ–ਕੀ ਚਾਹੁੰਦਾ ਹੈ।

*[ਸਿੱਖਣ ਵਾਲੇ ਦੇ ਨਾਲ ਇਕ ਹੋਰ ਅਧਿਐਨ ਲਈ ਸਮਾਂ ਠਹਿਰਾਓ।]*